**ਪੰਜਾਬ ਸਕੂਲ ਸਿੱਖਿਆ ਬੋਰਡ**

**ਸਾਹਿਬਜਾਦਾ ਅਜੀਤ ਸਿੰਘ ਨਗਰ-160062**

**(ਕਾਰਜ ਸੰਚਾਲਨ ਸ਼ਾਖਾ )**

ਨੰ:ਪਸਸਬ-ਕਸ-2025/2349

ਮਿਤੀ: 7-3-2025

ਵੱਲ

ਸਮੂਹ ਪ੍ਰਿੰਸੀਪਲ, ਮੁੱਖ ਅਧਿਆਪਕ/ਮੁੱਖ ਅਧਿਆਪਕਾ,
ਪੰਜਾਬ ਰਾਜ।

ਵਿਸ਼ਾ:- ਬਾਰ੍ਹਵੀਂ ਸ਼੍ਰੇਣੀ ਦੀ ਸਾਲਾਨਾ ਪ੍ਰਯੋਗੀ ਪਰੀਖਿਆ 2025 ਪੂਰੇ ਵਿਸ਼ਿਆਂ (ਸਮੇਤ ਓਪਨ ਸਕੂਲ) ਅਧੀਨ, ਕੰਪਾਰਟਮੈਂਟ/ਰੀ-ਅਪੀਅਰ, ਵਾਧੂ ਵਿਸ਼ਾ ਅਤੇ ਦਰਜਾ/ਕਾਰਗੁਜਾਰੀ ਵਧਾਉਣ ਵਾਲੇ ਪਰੀਖਿਆਰਥੀਆਂ ਲਈ ਪਰੀਖਿਆ ਦੇ ਸੰਚਾਲਨ ਸਬੰਧੀ।

---

ਉਪਰੋਕਤ ਵਿਸ਼ੇ ਅਧੀਨ ਪੱਤਰ ਨੰ: ਪਸਸਬ-ਕਸ-2025/ 2246-48 ਮਿਤੀ: 16-01-2025 ਰਾਹੀਂ ਜਾਰੀ ਪੱਤਰ ਦੀ ਲਗਾਤਾਰਤਾ ਵਿੱਚ ਪਰੀਖਿਆ ਦੇ ਸੰਚਾਲਨ ਸਬੰਧੀ ਹੇਠ ਲਿਖੀਆਂ ਹਦਾਇਤਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ:-

1) ਸਬੰਧਤ ਸਕੂਲ ਮੁੱਖੀਆਂ ਵੱਲੋਂ ਲੈਬ ਦੀ ਸਮਰੱਥਾ/ ਸੁਵਿਧਾ ਅਨੁਸਾਰ ਪਰੀਖਿਆਰਥੀਆਂ ਦੇ ਗਰੁਪ ਬਣਾਕੇ ਪ੍ਰਯੋਗੀ ਪਰੀਖਿਆ ਕਰਵਾਈ ਜਾਵੇ।
2) ਆਨ ਲਾਈਨ ਪ੍ਰਸ਼ਨ ਪੱਤਰ ਡਾਊਨਲੋਡ ਕਰਨ ਸਬੰਧੀ website (daqap.pseb.ac.in) ਤੇ Video ਧਿਆਨ ਨਾਲ ਦੇਖ ਲਈ ਜਾਵੇ ਤਾਂ ਜੋ ਪ੍ਰਸ਼ਨ ਪੱਤਰ ਡਾਊਨਲੋਡ ਕਰਨ ਵਿੱਚ ਮੁਸ਼ਕਿਲ ਪੇਸ਼ ਨਾ ਆਵੇ।
3) ਸਕੂਲ ਮੁੱਖੀਆਂ ਦੇ ਰਜਿਸਟਰਡ ਮੋਬਾਇਲ ਨੰਬਰਾਂ ਤੇ ਐਸ.ਐਮ.ਐਸ ਅਤੇ ਈ-ਮੇਲ ਰਾਹੀਂ ਆਨ ਲਾਈਨ ਪ੍ਰਸ਼ਨ ਪੱਤਰ ਦਾ ਲਿੰਕ ਭੇਜਿਆ ਜਾਵੇਗਾ।
4) ਬਾਰ੍ਹਵੀਂ ਸ਼੍ਰੇਣੀ ਦੇ ਬਾਇਓਲੋਜ਼ੀ, ਕਮਿਸਟਰੀ, ਫਿਜਿਕਸ, ਹੋਮ ਸਾਇੰਸ, ਫੰਡਾਮੈਂਟਲ ਆਫ ਈ ਬਿਜਨਸ ਅਤੇ ਅਕਾਂਊਟੈਂਸੀ-II ਵਿਸ਼ਿਆਂ ਦੀ ਪ੍ਰਯੋਗੀ ਪਰੀਖਿਆ ਆਨ ਲਾਈਨ ਵਿਧੀ ਰਾਹੀਂ ਪ੍ਰਸ਼ਨ ਪੱਤਰ ਭੇਜਕੇ ਕਰਵਾਈ ਜਾਣੀ ਹੈ। ਇਸ ਪਰੀਖਿਆ ਸਬੰਧੀ ਪਰੀਖਿਅਕ ਲਈ ਹਦਾਇਤਾਂ ਵੀ ਆਨ ਲਾਈਨ ਪੋਰਟਲ ਤੇ ਅਪਲੋਡ ਕੀਤੀਆਂ ਜਾਣਗੀਆਂ। ਸਮੂਹ ਸਕੂਲ ਮੁੱਖੀ ਗਰੁਪ ਵਾਈਜ਼/ ਵਿਸ਼ੇ ਵਾਈਜ਼ ਇਹ ਹਦਾਇਤਾਂ ਪਰੀਖਿਅਕ ਨੂੰ ਪਰੀਖਿਆ ਵਾਲੇ ਦਿਨ ਪਰੀਖਿਆ ਸ਼ੁਰੂ ਹੋਣ ਤੋਂ ਪਹਿਲਾਂ ਮੁਹੱਈਆ ਕਰਵਾਉਣਾ ਯਕੀਨੀ ਬਣਾਉਗੇ।
5) ਪ੍ਰਸ਼ਨ ਪੱਤਰ ਆਨ ਲਾਈਨ ਪੋਰਟਲ ਰਾਹੀਂ ਸਵੇਰ ਦੇ ਸੈਸ਼ਨ ਵਿੱਚ 09:00 ਤੋਂ 10:00 ਵਜੇ ਤੱਕ ਅਤੇ ਸ਼ਾਮ ਦੇ ਸੈਸ਼ਨ ਵਿੱਚ 01:00 ਤੋਂ 2:00 ਵਜੇ ਤੱਕ ਡਾਊਨਲੋਡ ਕੀਤਾ ਜਾ ਸਕਣਗੇ । ਇਸ ਸਮੇਂ ਤੋਂ ਬਾਅਦ ਪ੍ਰਸ਼ਨ ਪੱਤਰ ਡਾਊਨਲੋਡ ਨਹੀਂ ਹੋਣਗੇ । ਪ੍ਰਸ਼ਨ ਪੱਤਰ ਸਮੇਂ ਸਿਰ ਡਾਊਨਲੋਡ ਕਰਨ ਦੀ ਸਮੁੱਚੀ ਜਿੰਮੇਵਾਰੀ ਸਬੰਧਤ ਸਕੂਲ ਮੁੱਖੀ ਦੀ ਹੋਵੇਗੀ।
6) ਪ੍ਰਸ਼ਨ ਪੱਤਰ ਡਾਊਨਲੋਡ ਹੋ ਜਾਣ ਉਪਰੰਤ ਕਾਰਜ ਸੰਚਾਲਨ ਸ਼ਾਖਾ ਦੇ ਸਬੰਧਤ ਜਿਲ੍ਹਾ ਡੀਲਿੰਗ ਸੀਨੀ. ਸਹਾਇਕ ਨੂੰ ਇਸ ਬਾਰੇ ਸੂਚਿੱਤ ਕਰਨਾ ਯਕੀਨੀ ਬਣਾਇਆ ਜਾਵੇ ।
7) **ਪ੍ਰਸ਼ਨ ਪੱਤਰ Whatapp Group ਜਾ ਕਿਸੇ ਵੀ ਕਿਸਮ ਦੀ ਸੋਸ਼ਲ ਮੀਡਿਆ ਐਪ ਤੇ ਸ਼ੇਅਰ ਨਾ ਕੀਤੇ ਜਾਣ।**
8) ਪ੍ਰਸ਼ਨ ਪੱਤਰਾਂ ਦੀ ਗੁਪਤਤਾ ਬਣਾਈ ਰੱਖਣ ਦੀ ਜਿੰਮੇਵਾਰੀ ਸਬੰਧਤ ਸਕੂਲ ਮੁੱਖੀ ਦੀ ਹੋਵੇਗੀ। ਜੇਕਰ ਇਸ ਕਾਰਜ ਵਿੱਚ ਕੋਈ ਅਣਗਹਿਲੀ ਸਾਹਮਣੇ ਆਉਂਦੀ ਹੈ ਤਾਂ ਨਿਯਮਾਂ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇਗੀ।

ਸਹਾਇਕ ਸਕੱਤਰ (ਕਾਰਜ ਸੰਚਾਲਨ)

ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ